ਨੰ: 1/9/●5-3 ਵ. ਸਭ 2/214

ਪੰਜਾਬ ਸਰਕਾਰ

ਭਲਾਈ ਵਿਭਾਗ

(ਵਿਸ਼ੇਸ਼ ਸੈਲ ਭਲਾਈ-2)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
ਡਵੀਜ਼ਨ ਦੇ ਕਮਿਸ਼ਨਰਜ਼,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼,
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ 14-●6-2●●5

ਵਿਸ਼ਾ : ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਬਾਰੇ।

--------

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 1/22/●4-ਰਸ1/ 1497-15●●, ਮਿਤੀ 18-11-2●●4 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਆਪਨੂੰ ਦੱਸਿਆ ਗਿਆ ਸੀ ਕਿ ਰਾਜ ਵਿੱਚ ਅ/ਜਾਤੀ ਅਤੇ ਪ/ ਸ੍ਰੇਣੀਆਂ ਨੂੰ ਸੇਵਾਵਾਂ ਵਿੱਚ ਰਿਜਰਵੇਸ਼ਨ ਦਿੱਤੀ ਗਈ ਹੈ। ਇਹ ਰਿਜਰਵੇਸ਼ਨ ਦਿੱਤੇ ਜਾਣ ਦਾ ਹਿਸਾਬ-ਕਿਤਾਬ ਰੱਖਣ ਲਈ ਹਰ ਵਿਭਾਗ ਵਿੱਚ ਹਰ ਕੈਟਾਗਰੀ/ਕਾਡਰ ਲਈ ਵੱਖਰੇ-ਵੱਖਰੇ ਰੋਸਟਰ ਰਜਿਸਟਰ ਨਿਸ਼ਚਿਤ ਪ੍ਰੋਫਾਰਮੇ ਵਿੱਚ ਤਿਆਰ ਕੀਤੇ ਜਾਂਦੇ ਹਨ। ਰਾਖਵਾਂਕਰਨ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਾਉਣ ਲਈ ਰਾਜ ਪੱਧਰ ਤੇ ਦੋ ਵਿਸ਼ੇਸ਼ ਭਲਾਈ ਸੈਲਾਂ ਦੀ ਸਥਾਪਨਾ ਕੀਤੀ ਹੋਈ ਹੈ ਜਿਨ੍ਹਾਂ ਦੀਆਂ ਰੋਸਟਰ ਚੈਕਿੰਗ ਪਾਰਟੀਆਂ ਸਮੇਂ ਸਮੇਂ ਤੇ ਵੱਖੋ-ਵੱਖਰੇ ਵਿਭਾਗ ਦੇ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਦੀਆਂ ਹਨ ਅਤੇ ਇੰਸਪੈਕਸ਼ਨ ਰਿਪੋਰਟ ਦੀ ਕਾਪੀ ਸਬੰਧਤ ਵਿਭਾਗ ਅਤੇ ਮੰਗ ਅਨੁਸਾਰ ਵਿਧਾਨ ਸਭਾ ਭਲਾਈ ਕਮੇਟੀ ਨੂੰ ਭੇਜੀ ਜਾਂਦੀ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਰੋਸਟਰ ਰਜਿਸਟਰਾਂ ਦੀ ਚੈਕਿੰਗ ਸਮੇਂ ਚੈਕਿੰਗ ਪਾਰਟੀਆਂ ਦੀ ਜਾਣਕਾਰੀ ਲਈ ਲੋੜੀਂਦੀ ਸੂਚਨਾ/ਦਸਤਾਵੇਜ ਉਪਲੱਬਧ ਨਹੀਂ ਕਰਵਾਏ ਜਾਂਦੇ। ਜਦ ਕਿ ਇਹ ਸੂਚਨਾ/ਦਸਤਾਵੇਜ਼ ਉਪਲੱਬਧ ਕਰਾਉਣ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ/ ਦਫਤਰ ਦੀ ਹੁੰਦੀ ਹੈ, ਜਿਸ ਕਰਕੇ ਰੋਸਟਰ ਚੈਕਿੰਗ ਪਾਰਟੀਆਂ ਨੂੰ ਸੁਚੱਜੇ ਢੰਗ ਨਾਲ ਚੈਕਿੰਗ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ।

ਸੋ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਰੋਸਟਰ ਚੈਕਿੰਗ ਪਾਰਟੀਆਂ ਨੂੰ ਲੋੜੀਂਦੀ ਸੂਚਨਾ/ ਦਸਤਾਵੇਜ, ਚੈਕਿੰਗ ਕਰਨ ਤੋਂ ਪਹਿਲਾਂ ਅਤੇ ਚੈਕਿੰਗ ਦੌਰਾਨ ਉਪਲੱਬਧ ਕਰਵਾਏ ਜਾਣ ਅਤੇ ਇਨ੍ਹਾਂ ਦੀਆਂ ਲੋੜੀਂਦੀਆਂ ਫੋਟੋ ਸਟੇਟ ਕਾਪੀਆਂ ਦਫਤਰੀ ਕਾਰਵਾਈ ਲਈ ਚੈਕਿੰਗ ਪਾਰਟੀਆਂ ਨੂੰ ਮੁਹੱਈਆ ਕਰਵਾਏ ਜਾਣ ਦੀ ਖੇਚਲ ਕੀਤੀ ਜਾਵੇ ਜੀ।

ਉਪ ਸਕੱਤਰ ਭਲਾਈ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਯਕੀਨੀ ਤੌਰ ਤੇ ਕਰਾਉਣ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰ,
ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ: ਵਿ: ਪੱ: ਨੰ: 1/9/●5–3 ਵਸਭ 2/ 215 ਮਿਤੀ: 14–●6–●5
ਪਿੱਠ ਅੰ: ਨੰ: 1/9/ ●5–3 ਵਸਭ 2/216 ਮਿਤੀ: 14–●6–●5

ਇਸ ਦਾ ਇੱਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ, ਪੰਜਾਬ ਅਤੇ ਮੈਂਬਰ ਸਕੱਤਰ ਪੰਜਾਬ ਸਟੇਟ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ